ਨੰ : ਸੀ.ਸਹਾਇਕ (ਅਮਲਾ)/ਆਰ.ਟੀ.ਆਈ.ਅਪੀਲ/ਸੰ:ਰ:ਜ:/.587 ਮਿਤੀ : 25/06/19 12/7/19
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

RTI

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

3654

ਵਿਸ਼ਾ :- ਆਰ.ਟੀ.ਆਈ.ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

ਹਵਾਲਾ :- ਮੁੱਖ-ਦਫਤਰ ਵਲੋਂ ਜਾਰੀ ਪੱਤਰ ਨੰ : ਰਸਸ/ ਆਰ.ਟੀ.ਆਈ./ ਜਲੰਧਰ/ 4391, ਮਿਤੀ : 01.05.2019.

**ਯਾਦ ਪੱਤਰ :**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਜੈਬ ਸਿੰਘ ਪੁੱਤਰ ਸ੍ਰੀ ਰਾਜਵੰਤ ਸਿੰਘ, ਪਿੰਡ ਅਤੇ ਡਾਕਖਾਨਾ ਤੇਹਿੰਗ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਮੁੱਖ-ਦਫਤਰ ਵਿਖੇ ਦਾਇਰ ਕੀਤੀ ਗਈ ਅਪੀਲ ਹਵਾਲਾ ਅਧੀਨ ਪੱਤਰ ਰਾਹੀਂ ਨਿਪਟਾਰੇ ਹਿੱਤ ਇਸ ਦਫਤਰ ਵਿੱਚ ਪ੍ਰਾਪਤ ਹੋਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 29.05.2019 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ.ਟੀ.ਆਈ.ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ.ਵਿ ਪੱ ਨੰ: 51/8/2014/2 ਆਰ.ਟੀ.ਆਈ.ਐਨ.ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ.ਟੀ.ਆਈ./ 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਅਜੈਬ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 29.05.2019 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

RNo. 660
Dt 15/7/19

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਦਫਤਰ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,ਚੰਡੀਗੜ੍ਹ।

(ਆਰ.ਟੀ.ਆਈ. ਸ਼ਾਖਾ)

5927
25/19

ਵੱਲ,

ਫਸਟ ਅਪੀਲ ਅਥਾਰਿਟੀ
ਦਫਤਰ: ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ,ਜਲੰਧਰ।

ਮੀਮੋ ਨੰ:ਰਸਸ/ਆਰ.ਟੀ.ਆਈ/ਜਲੰਧਰ/4391
ਮਿਤੀ/01-5-19.

ਵਿਸ਼ਾ:- ਆਰ.ਟੀ.ਆਈ ਐਕਟ 2005 ਤਹਿਤ ਸੂਚਨਾ ਸਬੰਧੀ ਅਪੀਲ ਕੇਸ।

ਸ੍ਰੀ ਅਜੈਬ ਸਿੰਘ ਵਲੋਂ ਆਰ.ਟੀ.ਆਈ ਐਕਟ ਅਧੀਨ ਪਹਿਲੀ ਅਪੀਲ ਅਥਾਰਟੀ ਸ੍ਰੀ ਅਜੈਬ ਸਿੰਘ ਵਲੋਂ ਆਪਣੀ ਪ੍ਰਤੀਬੇਨਤੀ ਮਿਤੀ 12-03-2019 ਜੋ ਪਹਿਲਾਂ ਪਾਸ ਅਪੀਲ ਦਾਇਰ ਕੀਤੀ ਹੈ। ਪ੍ਰਾਰਥੀ ਨੇ ਆਪਣੀ ਪ੍ਰਤੀਬੇਨਤੀ ਮਿਤੀ 12-03-2019 ਜੋ ਪਹਿਲਾਂ ਹੀ ਲੋਕ ਸੂਚਨਾ ਅਫਸਰ ਉਪ- ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਨੂੰ ਭੇਜੀ ਸੀ। ਇਹ ਸੂਚਨਾ ਉਨਾਂ ਵਲੋਂ ਨਹੀਂ ਦਿੱਤੀ ਗਈ।

ਇਸ ਲਈ ਪ੍ਰਾਰਥੀ ਵਲੋਂ ਹੁਣ ਪ੍ਰਤੀਬੇਨਤੀ ਮਿਤੀ 22-04-2019 ਦਾਇਰ ਕੀਤੀ ਗਈ ਅਪੀਲ ਆਰ.ਟੀ.ਆਈ ਐਕਟ ਦੇ ਸੈਕਸ਼ਨ 6(3) ਅਧੀਨ ਸਮਾਂਬੱਧ ਤਰੀਕੇ ਨਾਲ ਟਰਾਂਸਫਰ ਕਰਕੇ ਲਿਖਿਆ ਜਾਂਦਾ ਹੈ ਕਿ ਅਪੀਲ ਦਾ ਨਿਪਟਾਰਾ ਕੀਤਾ ਜਾਵੇ। ਜੇਕਰ ਕਮਿਸ਼ਨ ਵਲੋਂ ਕੋਈ ਅਡਵਰਸ ਹੁਕਮ ਪਾਸ ਕੀਤੇ ਜਾਂਦੇ ਹਨ ਤਾਂ ਉਸ ਸਬੰਧੀ ਆਪ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।

ਨੱਥੀ:- ਅਪੀਲ।

ਸਹਾਇਕ ਲੋਕ ਸੂਚਨਾ ਅਫਸਰ

ਮਿਤੀ

ਪਿੱਠ ਅੰਕਣ ਨੰ:ਰਸਸ/ਆਰ.ਟੀ.ਆਈ/ਜਲੰਧਰ/

ਉਪਰੋਕਤ ਦਾ ਉਤਾਰਾ ਸ੍ਰੀ ਅਜੈਬ ਸਿੰਘ ਪੁੱਤਰ ਸ੍ਰੀ ਰਾਜਵੰਤ ਸਿੰਘ ਪਿੰਡ ਤੇ ਡਾਕਖਾਨਾ ਤੇਹਿੰਗ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਦਾਇਰ ਕੀਤੀ ਅਪੀਲ ਕੇਸ ਦੀ ਸੁਣਵਾਈ ਫਸਟ ਅਪੀਲ ਅਥਾਰਟੀ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਕੀਤੀ ਜਾਣੀ ਹੈ।

ਸਹਾਇਕ ਲੋਕ ਸੂਚਨਾ ਅਫਸਰ

(3)

RTI

# ਪਹਿਲੀ ਅਪੀਲ
## ਸੂਚਨਾ ਦਾ ਅਧਿਕਾਰ ਕਾਨੂੰਨ ਤਹਿਤ।

ਸੇਵਾ ਵਿਖੇ

ਪਹਿਲੀ ਅਪੀਲ ਅਧਿਕਾਰੀ,
ਕਮ-ਰਜਿਸਟਰਾਰ ਸਹਿਕਾਰੀ ਸਭਾਵਾਂ ਵਿਭਾਗ ਪੰਜਾਬ।
ਚੰਡੀਗੜ੍ਹ।

1496

R.T.I

ਅਪੀਲ ਕਰਤਾ — ਅਜੈਬ ਸਿੰਘ ਪੁੱਤਰ ਰਾਜਵੰਤ ਸਿੰਘ ,
ਡਾਕ ਪਤਾ — ਪਿੰਡ ਅਤੇ ਡਾਕਖਾਨਾ ਤੇਹਿੰਗ ,ਤਹਿਸੀਲ ਫਿਲੌਰ,
ਜਿਲ੍ਹਾ ਜਲੰਧਰ।

ਅਪੀਲ ਜਿਸਦੇ ਖਿਲਾਫ ਕਰਨੀ ਹੈ।:- ਲੋਕ ਸੂਚਨਾ ਅਧਿਕਾਰੀ ਕਮ-ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ।

ਹੁਕਮ ਜਿਹਨਾਂ ਦੇ ਖਿਲਾਫ ਅਪੀਲ ਕਰਨੀ ਹੈ। :-
1. ਕੋਈ ਹੁਕਮ ਨਹੀਂ।
2. ਫਾਰਮ ੳ ਮਿਤੀ 12-3-2019 ਨਾਲ ਨੱਥੀ ਹੈ।

ਅਪੀਲ :-

ਸ੍ਰੀਮਾਨ ਜੀ ਬੇਨਤੀ ਹੈ ਕਿ ਅਪੀਲ ਕਰਤਾ ਨੇ ਲੋਕ ਸੂਚਨਾ ਅਫਸਰ ਕਮ- ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਪਾਸੋਂ ਨਾਲ ਲਫ ਫਾਰਮ ੳ ਅਨੁਸਾਰ ਸੂਚਨਾ ਦੀ ਮੰਗ ਕੀਤੀ ਸੀ।ਸੂਚਨਾ ਦੇ ਅਧਿਕਾਰੀ ਕਾਨੂੰਨ ਅਨੁਸਾਰ ਬਿਨੈਕਾਰ ਵਲੋਂ ਮੰਗੀ ਗਈ ਸੂਚਨਾ 30 ਦਿਨ ਦੇ ਅੰਦਰ ਅੰਦਰ ਦੇਣੀ ਹੁੰਦੀ ਹੈ ਪਰ ਸਬੰਧਿਤ ਲੋਕ ਸੂਚਨਾ ਅਫਸਰ ਵਲੋਂ ਸੂਚਨਾ ਦੇ ਅਧਿਕਾਰ ਦੀ ਪਾਲਣਾ ਨਹੀਂ ਕੀਤੀ ਅਤੇ ਅਪੀਲ ਕਰਤਾ ਨੂੰ ਮੰਗੀ ਗਈ ਸੂਚਨਾ ਨਹੀਂ ਦਿੱਤੀ ਜੋ ਸੂਚਨਾ ਦੇ ਅਧਿਕਾਰ ਕਾਨੂੰਨ ਦੀ ਉਲੰਘਣਾ ਹੈ। ਆਪ ਜੀ ਪਾਸ ਅਪੀਲ ਕੀਤੀ ਜਾਂਦੀ ਹੈ ਕਿ ਸਬੰਧਿਤ ਲੋਕ ਸੂਚਨਾ ਅਫਸਰ ਕਮ- ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਨੂੰ ਅਪੀਲ ਕਰਤਾ ਵਲੋਂ ਮੰਗੀ ਗਈ ਸੂਚਨਾ ਦੇਣ ਲਈ ਯੋਗ ਹੁਕਮ ਕਰਨ ਦੀ ਅਪੀਲ ਮੰਨਜੂਰ ਕੀਤੀ ਜਾਵੇ ਅਤੇ ਸਬੰਧਿਤ ਲੋਕ ਸੂਚਨਾ ਅਫਸਰ ਨੂੰ ਮੰਗੀ ਗਈ ਸੂਚਨਾ ਦੇਣ ਲਈ ਹੁਕਮ ਜਾਰੀ ਕਰਨ ਦੀ ਕ੍ਰਿਪਾ ਕੀਤੀ ਜਾਵੇ।

Ajaib Singh
ਅਪੀਲ ਕਰਤਾ
(ਅਜੈਬ ਸਿੰਘ)
ਮੋ: 75890-64498

ਮਿਤੀ :- 22-4-2019

R.No. 404
Dt 29/4/19

ਤਸਦੀਕ :-

ਮੈਂ ਅਜੈਬ ਸਿੰਘ ਇਹ ਬਿਆਨ ਕਰਦਾ ਹਾਂ ਕਿ ਉਪਰੋਕਤ ਅਪੀਲ ਵਿੱਚ ਦਿੱਤੇ ਤੱਥ ਅਤੇ ਪੇਸ਼ ਕੀਤੇ ਦਸਤਾਵੇਜ ਸਹੀ ਹਨ ਇਸ ਵਿੱਚ ਕੋਈ ਗੱਲ ਛੁਪਾ ਕੇ ਨਹੀਂ ਰੱਖੀ ਗਈ ਹੈ।

Ajaib Singh
ਬਿਆਨ ਕਰਤਾ
(ਅਜੈਬ ਸਿੰਘ)

ਨੰ : ਸੀ. ਸਹਾਇਕ (ਅਮਲਾ)/ ਸੰ:ਰ:ਜ:/ 4117-18 ਮਿਤੀ : 25/06/19

ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਅਜੈਬ ਸਿੰਘ ਪੁੱਤਰ ਸ੍ਰੀ ਰਾਜਵੰਤ ਸਿੰਘ,
ਪਿੰਡ ਅਤੇ ਡਾਕਖਾਨਾ ਤੇਹਿੰਗ, ਤਹਿਸੀਲ ਫਿਲੌਰ,
ਜ਼ਿਲ੍ਹਾ ਜਲੰਧਰ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
ਸਹਿਕਾਰੀ ਸਭਾਵਾਂ, ਜਲੰਧਰ।

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ। (ਵਲੋਂ ਸ੍ਰੀ ਪ੍ਰਦੀਪ ਸਿੰਘ ਪੁੱਤਰ ਸ. ਕਿਰਪਾਲ ਸਿੰਘ)।

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਦਰਖਾਸਤ ਮਿਤੀ : 12.02.2019 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਪਾਸੋਂ ਦੀ ਤੇਹਿੰਗ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ:, ਜਲੰਧਰ ਨਾਲ ਸਬੰਧਤ ਮੰਗੀ ਗਈ ਸੂਚਨਾ ਉਸਨੂੰ ਪ੍ਰਾਪਤ ਨਾ ਹੋਣ ਕਾਰਨ ਦਰਖਾਸਤ ਮਿਤੀ : 22.04.2019 ਰਾਹੀਂ ਮਾਨਯੋਗ ਰਜਿਸਟਰਾਰ (ਲੋਕ ਸੂਚਨਾ ਅਫਸਰ), ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਪਾਸ ਅਪੀਲ ਦਾਇਰ ਕੀਤੀ ਗਈ। ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ : ਰਸਸ/ ਆਰ. ਟੀ.ਆਈ./ ਜਲੰਧਰ/ 4391, ਮਿਤੀ : 01.05.2019 ਰਾਹੀਂ ਇਹ ਅਪੀਲ ਨਿਪਟਾਰੇ ਹਿੱਤ ਇਸ ਦਫਤਰ ਵਿੱਚ ਪ੍ਰਾਪਤ ਹੋਈ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਮਿਤੀ : 14.05.2019 ਅਤੇ 29.05.2019 ਦੀਆਂ ਵੱਖ-ਵੱਖ ਮਿਤੀਆ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 14.05.2019 ਅਤੇ 29.05.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਸ੍ਰੀ ਪ੍ਰੇਮ ਪਾਲ, ਲੇਖਾਕਾਰ ਹਾਜਰ ਆਇਆ ਅਤੇ ਮਿਤੀ: 29.05.2019 ਨੂੰ ਉਸ ਵਲੋਂ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਗਈ ਸੂਚਨਾ ਸਬੰਧੀ ਰੀਕਾਰਡ ਪੇਸ਼ ਕੀਤਾ ਗਿਆ, ਜਿਸ ਅਨੁਸਾਰ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਦੇ ਪੱਤਰ ਨੰ : ਰਸੀਟ ਕਲਰਕ/ ਡੀ.ਆਰ.ਜੇ./ 2114, ਮਿਤੀ : 15.04.2019 ਰਾਹੀਂ ਅਪੀਲਕਰਤਾ ਵਲੋਂ ਦਿੱਤੀ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ ਉਸਨੂੰ ਉਪਲਬੱਧ ਕਰਵਾਈ ਜਾ ਚੁੱਕੀ ਹੈ। ਅਪੀਲਕਰਤਾ ਦੋਵਾਂ ਮਿਤੀਆ ਨੂੰ ਹਾਜਰ ਨਹੀਂ ਆਇਆ।

........2........

ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਦੇ ਪੱਤਰ ਨੰ : ਰਸੀਟ ਕਲਰਕ/ ਡੀ.ਆਰ.ਜੇ./ 2114, ਮਿਤੀ : 15.04.2019 ਰਾਹੀਂ ਅਪੀਲਕਰਤਾ ਵਲੋਂ ਦਿੱਤੀ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ ਉਸਨੂੰ ਭੇਜੀ ਜਾ ਚੁੱਕੀ ਹੈ। ਅਪੀਲਕਰਤਾ ਸੁਣਵਾਈ ਦੀਆਂ ਦੋਵੇਂ ਮਿਤੀਆਂ 14.05.2019 ਅਤੇ 29.05.2019 ਨੂੰ ਹਾਜਰ ਨਹੀਂ ਆਇਆ।

ਕਿਉਂ ਜੋ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਅਪੀਲਕਰਤਾ ਨੂੰ ਸੂਚਨਾ ਉਪਲਬੱਧ ਕਰਵਾਈ ਜਾ ਚੁੱਕੀ ਹੈ। ਇਸ ਲਈ ਇਸ ਕੇਸ ਤੇ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲ ਡਿਸਪੋਜ਼ ਆਫ (dispose off) ਕੀਤੀ ਜਾਂਦੀ ਹੈ।

ਮਿਤੀ : 29.05.2019.

(ਐਪੀਲਾਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।